# ਕਿੱਸਾ, ਵਾਰ ਅਤੇ ਜੰਗਨਾਮਾ : ਅੰਤਰ ਨਿਖੇੜ

ਕਿੱਸਾ, ਵਾਰ ਅਤੇ ਜੰਗਨਾਮਾ ਤਿੰਨੇ ਵੱਖ-ਵੱਖ ਕਾਵਿ-ਰੂਪਾਂ ਦੇ ਤਾਂ ਹਨ, ਪਰ ਕਈ ਵਾਰ 'ਬਾਅਜ਼ੇ ਸਿਆਣੇ ਜੰਗਨਾਮਿਆਂ ਤੇ ਵਾਰਾਂ ਨੂੰ ਵੀ ਕਿੱਸਿਆਂ ਵਿਚ ਸ਼ਾਮਿਲ ਕਰਦੇ ਨੇ'। ਪੰਜਾਬੀ ਵਿਚ ਜੰਗਨਾਮਿਆਂ ਦਾ ਰਿਵਾਜ਼ ਵੀ ਅਰਬ ਈਰਾਨੀ ਅਸਰ ਹੇਠ ਹੈ। 'ਸ਼ਾਹਨਾਮੇ' ਵਰਗੇ ਇਸਲਾਮ ਤੋਂ ਪਿਛੋਂ ਦੇ ਕਿੱਸਿਆਂ ਵਿਚ ਸਿਕੰਦਰਨਾਮਾ ਵੀ ਇਸੇ ਨਮੂਨੇ ਉਤੇ ਹੈ। ਪੰਜਾਬੀ ਜੰਗਨਾਮੇ ਇਹਨਾਂ ਲੀਹਾਂ ਉਤੇ ਹੀ ਲਿਖੇ ਗਏ ਹਨ। ਕਈ ਕਿੱਸਿਆਂ ਵਿਚ ਛੋਟੀਆਂ-ਮੋਟੀਆਂ ਜੰਗਾਂ ਦਾ ਵੀ ਵਰਣਨ ਮਿਲਦਾ ਹੈ ਜਿਵੇਂ- 'ਹੀਰ-ਦਮੋਦਰ' ਵਿਚ ਨੂਰੇ ਚੰਧੜ ਤੇ ਹੀਰ ਦੀ ਲੜਾਈ ਦਾ ਹਾਲ ਇਕ ਅਤੀ ਸੰਖੇਪ ਜੰਗਨਾਮਾ ਅਥਵਾ ਵਾਰ ਵਿਚ ਵੀ, ਪਰ ਫੇਰ ਵੀ ਇਹ ਇਕ ਨਹੀਂ। ਕਿੱਸਾ ਅਤੇ ਜੰਗਨਾਮਾ ਕਿਉਂਕਿ ਮੂਲੋਂ ਮੁਹਾਂਦਰਾ ਇਕੋ ਜਿਹਾ ਰੱਖਦੇ ਹਨ, ਜਿਸ ਕਰਕੇ ਜੰਗਨਾਮੇ ਨੂੰ ਕਈ ਵਾਰ ਕਿੱਸਾ ਸਮਝ ਲਿਆ ਜਾਂਦਾ ਹੈ! ਮੁਹਾਂਦਰੇ ਦੀ ਸਮਾਨਤਾ ਦੇ ਕੁਝ ਕੁ ਪੱਖ ਇਹ ਹਨ :-

- ਕਿੱਸਾ ਆਮ ਤੌਰ 'ਤੇ 'ਹਮਦ ਬਾਰੀ ਤਾਆਲਾ' ਜਾਂ 'ਮੰਗਲਾਚਰਨ' ਨਾਲ ਸ਼ੁਰੂ ਕੀਤਾ ਜਾਂਦਾ ਹੈ। ਜੰਗਨਾਮੇ ਵਿਚ ਵੀ ਆਮ ਤੌਰ ਤੇ ਕਵੀ 'ਹਮਦ-ਓ-ਸਨਾ' ਜਾਂ ਮੰਗਲਾ-ਚਰਨ ਤੋਂ ਆਰੰਭ ਕਰਦਾ ਹੈ।

- ਕਿੱਸਿਆਂ ਵਿਚ ਵਾਰਤਾਲਾਪ ਨੂੰ ਮਹੱਤਵਪੂਰਨ ਥਾਂ ਮਿਲੀ ਹੈ ਤੇ ਕਈ ਸੰਵਾਦ ਤਾਂ ਬਹੁਤ ਲੰਮੇ ਵੀ ਹਨ। ਜੰਗਨਾਮੇ ਵਿਚ ਸੰਵਾਦ ਟਾਵੇਂ-ਟਾਵੇਂ ਤੇ ਅਤੀ ਸੰਖੇਪ ਰੂਪ ਵਿਚ ਆਏ ਹਨ।

- ਮਰੂਜਾਇ ਸ਼ਾਇਰ ਕਿੱਸੇ ਤੇ ਜੰਗਨਾਮੇ ਦਾ ਅਨਿੱਖੜ ਅੰਗ ਹਨ। ਕਵੀ ਵ੍ਰਿਤਾਂਤ ਸੁਣਾਉਂਦਾ-ਸੁਣਾਉਂਦਾ ਰੁਕ ਕੇ ਆਪਣੀ ਨਿੱਜੀ ਦ੍ਰਿਸ਼ਟੀ ਜਾਂ ਕਿਸੇ ਅਟੱਲ ਸੱਚ ਨੂੰ ਬਿਆਨ ਕਰਨ ਲੱਗ ਜਾਂਦਾ ਹੈ।

- ਤਖੱਲਸ ਕਿੱਸਾਕਾਰਾਂ ਦੇ ਵੀ ਹਨ ਤੇ ਜੰਗਨਾਮਾ-ਲੇਖਕਾਂ ਦੇ ਵੀ, ਪਰ ਕਈ ਕਿੱਸਾ-ਕਾਰ ਤੇ ਜੰਗਨਾਮਾਕਾਰ- ਬਿਨਾ ਤਖੱਲਸ (ਉਪਨਾਮ) ਤੋਂ ਵੀ ਕੰਮ ਸਾਰ ਲੈਂਦੇ ਹਨ।

- ਜਾਂ ਦੋਸਤਾਂ ਦੀ ਫ਼ਰਮਾਇਸ਼ ਉਤੇ ਕਦੀ ਕਾਵਿ-ਸਿਰਜਣਾ ਕਰਦਾ ਹੈ।
- ਅਣੱਖ-ਲੜਾਈਆਂ ਕਿੱਸਾ ਕਾਵਿ ਜਾਂ ਜੰਗਨਾਮਾ ਉੱਤੇ ਭਾਰੂ ਰਹਿੰਦਾ ਹੈ ਜਦੋਂ ਬਿਰਤਾਂਤ ਦੀ ਕਿਸੇ ਘਟਨਾ-ਵਿਸ਼ੇਸ਼ ਦੀ ਪੇਸ਼ਕਾਰੀ ਕਰਨੀ ਹੁੰਦੀ ਹੈ ਜਾਂ ਕਿਸੇ ਤੱਥ ਨੂੰ ਨਕਾਰਨਾ ਹੁੰਦਾ ਹੈ।

ਪੰਜਾਬੀ ਸਾਹਿਤ ਵਿਚ ਬੀਰ-ਰਸੀ ਕਿੱਸੇ ਨੂੰ ਆਮ ਕਰਕੇ 'ਵਾਰ' ਜਾਂ ਜੰਗਨਾਮਾ ਆਖਿਆ ਗਿਆ ਹੈ। ਇਸ ਤੋਂ ਮੁਤਾਬਕ ਹੀ ਇਹ ਵਿਚਾਰ ਬਣ ਗਿਆ ਹੈ ਕਿ ਵਾਰ ਜਾਂ ਜੰਗਨਾਮਾ ਆਪਣੇ ਆਪ ਵਿਚ ਇਕ ਕਿੱਸੇ ਨਾਲੋਂ ਵੱਖਰਾ ਰੂਪ ਹੈ।

ਕਿੱਸਾ ਸ਼ਬਦ ਹੌਲੀ-ਹੌਲੀ ਪ੍ਰੇਮ ਤੇ ਰੁਮਾਂਸ ਵਾਲੇ ਕਿੱਸਿਆਂ ਲਈ ਹੀ ਨਿਸ਼ਚਿਤ ਹੋ ਗਿਆ ਤੇ ਵਾਰ ਜਾਂ ਜੰਗਨਾਮੇ ਨੂੰ ਕਿੱਸਾ ਆਖਣ ਦਾ ਰਿਵਾਜ ਘਟਦਾ ਘਟਦਾ ਗਿਆ। ਇਹੋ ਕਾਰਨ ਹੈ ਕਿ ਨਵੇਂ ਆਲੋਚਕ 'ਕਿੱਸਾ-ਸਾਹਿਤ' ਜਾਂ 'ਕਿੱਸਾ-ਕਾਵਿ' ਦਾ ਉਲੇਖ 'ਵਾਰ-ਸਾਹਿਤ' ਜਾਂ 'ਵਾਰ-ਕਾਵਿ' ਤੋਂ ਭਿੰਨ ਤੇ ਵੱਖਰਾ ਕਰਕੇ ਕਰਦੇ ਹਨ, ਜਿਵੇਂ ਕਿੱਸਾ ਪ੍ਰੇਮ ਕਹਾਣੀ ਹੋਵੇ ਜਾਂ ਘੜੀ-ਘੜਾਈ ਕੋਈ ਰੁਮਾਂਸਮਈ ਵਾਰਤਾ ਅਤੇ ਵਾਰ ਕੇਵਲ ਜੰਗਾਂ ਯੁੱਧਾਂ ਦੀ ਕੋਈ ਲੰਮੀ ਵਾਰਤਾ ਜਾਂ ਕੋਈ ਲੰਮੀ ਕਵਿਤਾ ਹੋਵੇ।

ਅਸਲ ਵਿਚ ਕਿੱਸਾ-ਕਾਵਿ ਦੇ ਤਿੰਨ ਮੁੱਖ ਅੰਗ ਹਨ, ਭਾਵੇਂ ਅਸੀਂ ਇਥੇ ਪ੍ਰੇਮ ਤੇ ਰੁਮਾਂਸ ਦੇ ਕਿੱਸਿਆਂ ਨੂੰ ਇਕੱਠਾ ਕਰ ਕੇ ਵੱਡਾ ਜੋੜ ਯੁੱਧ ਤੇ ਪ੍ਰੇਮ ਵਿਚਕਾਰ ਹੀ ਰੱਖਿਆ ਹੈ। ਪ੍ਰੇਮ ਜਾਂ ਇਸ਼ਕ ਦੇ ਦੋ ਪੱਖ ਰੁਮਾਂਸਵਾਦੀ ਸੂਫ਼ੀਆਂ ਨੇ ਪਹਿਲਾਂ ਹੀ ਬਣਾ ਕੇ ਰੱਖੇ ਹਨ: ਸੰਸਾਰਕ ਅਤੇ ਆਤਮਕ (ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ)। ਪੰਜਾਬੀ ਸਾਹਿਤ ਵਿਚ ਇਨ੍ਹਾਂ ਤਿੰਨਾਂ ਅੰਗਾਂ ਦੇ ਹੀ ਕਿੱਸੇ ਮਿਲਦੇ ਹਨ। ਹੋਰ ਸਾਹਿਤਾਂ ਦਾ ਵੀ ਇਹੋ ਹਾਲ ਹੈ, ਪਰ ਇਸ ਗੱਲ ਵਿਚ ਰਤਾ ਸੰਦੇਹ ਨਹੀਂ ਕਿ ਲੰਮੀ ਕਵਿਤਾ ਜੋ ਅਹੱਮ ਹੀ ਬਿਰਤਾਂਤਕ, ਵਰਣਨਾਤਮਕ ਜਾਂ ਬਿਆਨੀਆਂ ਕਵਿਤਾ ਅਖਵਾਉਂਦੀ ਹੈ, ਪੰਜਾਬੀ ਸਾਹਿਤ ਵਿਚ 'ਕਿੱਸਾ' ਨਾਂ ਨਾਲ ਪ੍ਰਚਲਿਤ ਹੋਈ ਹੈ, ਅਤੇ ਇਸ ਦੇ ਸਾਰੇ ਅੰਗ ਕਿੱਸਾ ਹੀ ਅਖਵਾਉਂਦੇ ਹਨ।

'ਕਿੱਸਾ' ਅਤੇ 'ਮਸਨਵੀ' ਬਾਰੇ ਇਹ ਪ੍ਰਸ਼ਨ ਉਠਦਾ ਹੈ ਕਿ ਇਹ ਦੋਵੇਂ ਕਾਵਿ ਰੂਪ ਸਮਾਨ ਹਨ ਜਾਂ ਇਹਨਾਂ ਵਿਚ ਵੱਖਰਤਾ ਪਾਈ ਜਾਂਦੀ ਹੈ। ਇਸ਼ਕ ਦੀ ਕਹਾਣੀ ਨੂੰ ਪੰਜਾਬੀ ਕਵੀਆਂ ਨੇ ਕਿੱਸਾ ਆਖਿਆ ਤਾਂ ਇਹ ਗੱਲ ਉੱਭਰ ਪਈ ਕਿ ਕਿੱਸਾ ਇਸ਼ਕ ਦੀ ਕਹਾਣੀ ਹੈ ਤੇ ਇਸ਼ਕ ਦੀ ਕਹਾਣੀ ਕਿੱਸਾ ਹੈ। ਫ਼ਾਰਸੀ ਮਸਨਵੀ ਵਿਚ ਇਹ ਕਦੀ ਨਹੀਂ ਸੋਚਿਆ ਕਿ ਇਸ਼ਕ ਦੇ ਵਿਸ਼ੇ ਨਾਲ ਹੀ ਇਸ ਨੂੰ ਜੋੜ ਦਿੱਤਾ ਜਾਏ। ਹਰ ਇਕ ਵਿਸ਼ੇ ਦੀ ਵਰਤੋਂ ਮਸਨਵੀ ਵਿਚ ਹੁੰਦੀ ਰਹੀ ਹੈ - ਕਿ ਧਰਮ, ਕਿ ਰਜ਼ਮਦਾਰ, ਕੀ ਜੁੱਧ।

ਫਿਰ ਪ੍ਰਸ਼ਨ ਉਠਦਾ ਹੈ ਕਿ ਪੰਜਾਬੀ 'ਕਿੱਸਾ' ਜੋ ਫ਼ਾਰਸੀ ਮਸਨਵੀ ਦਾ ਉੱਤਰ- ਅਧਿਕਾਰੀ ਜਾਪਦਾ ਹੈ, ਆਪਣੇ ਅੰਤਰ ਵਿਚ 'ਵਾਰ' ਤੇ 'ਜੰਗਨਾਮੇ' ਜਿਹੇ ਹੀ ਰੰਗ ਦੀ ਬਿਆਨੀਆ ਕਵਿਤਾ ਦੇ ਛੋਟੇ ਜਾਂ ਵੱਡੇ ਜਾਣ ਨੂੰ ਕਿਵੇਂ ਕਬੂਲ ਕਰ ਸਕਦਾ ਹੈ? ਇਉਂ ਜਾਪਦਾ ਹੈ ਕਿ ਜਿਥੇ ਮਸਨਵੀ ਮੁੱਢਲਾ ਲੰਮੇ ਕਾਵਿ ਦਾ ਇਕ ਰੂਪਕ ਨਾਂ ਹੈ, ਅਤੇ ਹਰ ਤਰ੍ਹਾਂ ਦੇ ਬਿਆਨੀਆ ਵਿਸ਼ੇ ਨਾਲ ਢੁੱਕ ਜਾਂਦਾ ਹੈ, ਉਥੇ ਕਿੱਸਾ ਅਤੇ ਵਾਰ ਮੁੱਢਲੇ ਰੂਪ ਦੀ ਥਾਂ ਵਿਸ਼ੇ ਦੇ ਅਨੁਕੂਲ ਵੱਖ-ਵੱਖ ਮਿਥੇ ਗਏ ਹਨ। ਇਸੇ ਲਈ ਇਨ੍ਹਾਂ ਦਾ ਸਾਂਝਾਪਨ ਕਾਇਮ ਨਹੀਂ ਰਿਹਾ ਤੇ ਭਿੰਨਤਾ ਉਜਾਗਰ ਹੋ ਗਈ। ਜੇ ਕਿੱਸੇ ਨੂੰ ਰੂਪਕ ਪੱਖ ਤੋਂ ਵੇਖਣ ਦਾ ਪ੍ਰਸੰਗ ਤਾਂ ਸ਼ੁਰੂ ਕੀਤਾ ਗਿਆ ਤੇ ਵਾਰ ਨੂੰ ਪਛਾੜਿਆ ਵੀ, ਪਰ ਇਹ ਮਸਨਵੀ ਵਾਲੀ ਸਾਂਝੀ ਗੱਲ ਨਾ ਬਣੀ। ਇਸੇ ਲਈ ਕਿੱਸੇ ਤੇ ਵਾਰ ਦਾ ਵਿਰੋਧ ਤੇ ਭਿੰਨਤਾ ਇਕ ਭੁਲੇਖੇ ਦਾ ਪਾਤਰ ਬਣਨ ਦੇ ਸਮਰੱਥ ਹੋ ਗਈ।

ਇਸ ਵਿਚਾਰ ਦੀ ਪੁਸ਼ਟੀ ਹੋਰ ਸਭ ਦਲੀਲਾਂ ਨਾਲੋਂ ਵਧੇਰੇ ਇਕ ਅਜਿਹੇ ਪ੍ਰਸੰਗ ਬਿਆਨੀਆ-ਕਾਵਿ ਦੀ ਮਿਸਾਲ ਤੋਂ ਹੁੰਦੀ ਹੈ, ਜਿਸ ਦਾ ਨਾਂ ਕਿੱਸਾ ਸ਼ਾਹ-ਮੁਹੰਮਦ ਹੈ, ਪੰਜਾਬੀ ਸਾਹਿਤ ਵਿਚ ਇਹ ਨਾਂ ਪ੍ਰਚੱਲਿਤ ਰਿਹਾ ਹੈ। ਇਸ ਰਚਨਾ ਦਾ ਵਿਸ਼ਾ ਬੀਰ ਰਸ ਤੇ ਇਤਿਹਾਸ ਹੈ ਪਰ ਇਹ ਹੈ ਇਕ ਅਦੁੱਤੀ ਕਿੱਸਾ। ਹਰ ਸਾਹਿਤ ਵਿਚ ਸਭ ਤੋਂ ਪਹਿਲਾਂ ਬੀਰ-ਰਸੀ ਕਾਵਿ ਉਪਜਣ ਦੀ ਵਾਰੀ

ਮੰਤਵਹੀਣ ਹੈ। ਪੰਜਾਬੀ ਸਾਹਿਤ ਵਿਚ ਬੀਰ-ਰਸੀ ਸਾਹਿਤ ਤੋਂ ਹੀ ਸਾਹਿਤ ਰਚਨਾ ਦਾ ਮੁੱਢ ਬੱਝਾ।

ਭਾਈ ਗੁਰਦਾਸ ਨੇ ਵੀ ਗੁਰੂ ਸਾਹਿਬਾਨਾਂ ਵਾਂਗ ਜਿਸ ਬਾਹਰਲੇ ਯੁੱਧ ਦੀ ਥਾਂ ਅੰਦਰਲੇ ਘੋਲ ਲਈ ਅਧਿਆਤਮਕ ਵਿਸ਼ਿਆਂ ਨੂੰ ਵਾਰ ਵਿਚ ਵਰਤਿਆ ਰਮਤ ਇਨ੍ਹਾਂ ਸਭ ਮਹਾਨ ਕਵੀਆਂ ਨੇ ਆਪਣੇ ਇਸ ਬਿਆਨੀਆ ਲੋਕ-ਕਾਵਿ ਨੂੰ ਵਾਰ ਦਾ ਨਾਂ ਹੀ ਦਿੱਤਾ। ਸੋ ਇਸ ਤੋਂ ਪਹਿਲਾਂ ਕਿ ਪੰਜਾਬੀ ਬਿਆਨੀਆ ਕਾਵਿ ਚ ਨਾਂ 'ਕਿੱਸਾ' ਪ੍ਰਚੱਲਤ ਹੁੰਦਾ, ਅਜਿਹੇ ਕਾਵਿ ਦਾ ਸਾਰਾ ਖੇਤਰ, ਵਾਰ-ਕਾਵਿ ਮੱਲ ਮੱਲ ਚੁੱਕਿਆ ਸੀ। ਜਦ ਦਮੋਦਰ ਨੇ ਪ੍ਰੇਮ ਦੀ ਵਾਰਤਾ ਵਾਲੀ ਕਵਿਤਾ ਰਚੀ ਤਾਂ ਸੁਭਾਵਕ ਹੀ ਉਸ ਦਾ ਨਾਂ ਉਹ ਵਾਰ ਨਾ ਰੱਖ ਸਕਿਆ, ਕਿਉਂਕਿ ਵਾਰ ਦੀ ਵੱਖਰੀ ਤਸਵੀਰ ਗੂੜ੍ਹੀ ਹੱਦ ਤੱਕ ਪਹਿਲਾਂ ਹੀ ਬੱਝ ਚੁੱਕੀ ਸੀ। ਇਸ ਲਈ ਉਸ ਦੀ ਹੀਰ ਨੂੰ ਬਾਅਦ ਵਿਚ ਕਿੱਸਾ ਆਖਿਆ ਗਿਆ।

ਭਾਵੇਂ ਇਸ ਗੱਲ ਦੇ ਨਿਸ਼ਚਿਤ ਕਰਨ ਲਈ ਵਧੇਰੇ ਖੋਜ ਦੀ ਲੋੜ ਹੈ ਕਿ ਸਭ ਤੋਂ ਪਹਿਲਾਂ 'ਕਿੱਸਾ' ਸ਼ਬਦ ਕਿਸ ਨੇ ਤੇ ਕਦੋਂ ਵਰਤਿਆ। ਪਰ ਇੰਨਾ ਜ਼ਰੂਰ ਹੈ ਕਿ ਇਹ ਸ਼ਬਦ ਗੁਰੂ ਨਾਨਕ ਕਾਲ ਦੇ ਅਖ਼ੀਰਲੇ ਸਮੇਂ ਜਾਂ ਉਸ ਤੋਂ ਕੁਝ ਪਿੱਛੋਂ ਵਰਤਿਆ ਗਿਆ। ਵਾਰਿਸ ਸ਼ਾਹ ਦਾ ਸਮਕਾਲੀ / ਨਿਕਟ ਸਮਕਾਲੀ, ਇਕਦੂ ਕਵੀ ਇਹਨਾਂ ਕਹਿੰਦਾ ਹੈ:

ਸੁਣਾਇਆ ਹਾਤ ਕੇ ਕਿੱਸਾ ਜੋ ਹੀਰ ਰਾਂਝਾ ਕਾ,
ਤੋ ਆਸ਼ਕੇ ਦਰਦ ਕੇ ਪੰਜਾਬੀਓਂ ਨੇ ਲੂਟ ਲੀਆ।

ਇਹ ਨਾਂ ਅਵੱਸ਼ ਹੀ ਮੁਸਲਮਾਨੀ ਪ੍ਰਭਾਵ ਹੇਠ ਪ੍ਰਚੱਲਿਤ ਹੋਇਆ ਕਿਉਂਕਿ ਕਿੱਸਾ ਸ਼ਬਦ ਅਰਬੀ ਦਾ ਹੈ ਤੇ ਭਾਰਤ ਵਿਚ ਰਚੀਆਂ ਕਹਾਣੀਆਂ ਲਈ ਪੁਰਾਣੇ ਸਮਿਆਂ ਤੋਂ ਵਰਤੀਂਦਾ ਰਿਹਾ ਹੈ।

ਇਕ ਗੱਲ ਹੋਰ ਕਿ ਯੁੱਧ ਦੀਆਂ ਕਵਿਤਾਵਾਂ ਦੇ ਨਾਲ ਸ਼ਬਦ 'ਵਾਰ' ਜਾਂ 'ਜੰਗਨਾਮਾ' ਜਾਂ ਕੋਈ ਹੋਰ ਸਮਾਸ, ਜਿਸ ਵਿਚ 'ਨਾਮਾ' ਪਿਛੇਤਰ ਲਗਿਆ ਹੋਏ।

ਜਿਵੇਂ (ਸ਼ਾਹਨਾਮਾ, ਸਿਕੰਦਰਨਾਮਾ, ਫ਼ਤਹਿਨਾਮਾ ਆਦਿ) ਜ਼ਰੂਰ ਵਰਤਿਆ ਜਾਂਦਾ ਸੀ।

ਪੰਜਾਬੀ ਬੀਰ-ਰਸੀ ਕਾਵਿ ਦੀ ਵਿਸ਼ੇਸ਼ ਤੇ ਕਿਲ ਪਰੰਪਰਾ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਇਕ ਸੁਆਦਲੀ ਵੰਨਗੀ ਹੈ। ਇਸ ਦੇ ਦੋ ਤਾਂ ਵਧੇਰੇ ਪ੍ਰਚੱਲਤ ਰੂਪ ਹਨ, ਵਾਰ ਤੇ ਜੰਗਨਾਮਾ। ਵਾਰ ਦੀ ਤਕਨੀਕ ਖਾਸ ਤੇ ਵੱਖਰੀ ਹੈ, ਨਿਸ਼ਾਨੀ ਛੰਦ, ਪਉੜੀ ਦੀ ਵਰਤੋਂ, ਮਿਥਿਹਾਸਿਕ ਰੰਗ, ਇਤਿਹਾਸਿਕ ਵਿਸ਼ਾ, ਯੁੱਧ ਜਾਂ ਜੋਸ਼ ਦਾ ਵਰਣਨ। ਜੰਗਨਾਮੇ ਦਾ ਵਿਸ਼ਾ ਵਧੇਰੇ ਸੀਮਿਤ ਹੁੰਦਾ ਹੈ ਤੇ ਖਾਸ ਤੌਰ 'ਤੇ ਇਸਲਾਮੀ ਤੇ ਇਤਿਹਾਸਿਕ ਹੁੰਦਾ ਹੈ। ਪਰ ਸਮੁੱਚੇ ਤੌਰ 'ਤੇ ਵਾਰ ਅਤੇ ਜੰਗਨਾਮਾ ਦੋਵੇਂ ਬੀਰ-ਰਸ ਦੇ ਧਾਰਨੀ ਹੁੰਦੇ ਹਨ ਅਤੇ ਇਹਨਾਂ ਦੀ ਮੁੱਢਲੀ ਸਾਂਝ ਹੈ।

ਪਰ ਵਾਰ ਵਿਚ ਬੀਰ ਰਸ ਤੋਂ ਛੁੱਟ ਹੋਰ ਪ੍ਰਕਾਰ ਦੇ ਵਿਸ਼ੇ ਵੀ ਤਾਂ ਪ੍ਰਗਟਾਏ ਗਏ ਹਨ। ਗੁਰੂ ਨਾਨਕ ਕਾਲ ਦੀ ਵਾਰ ਦਾ ਵਿਸ਼ਾ ਵਿਸ਼ੇਸ਼ ਕਰਕੇ ਅਧਿਆਤਮ ਹੈ। ਵਾਰਿਸ ਸ਼ਾਹ-ਕਾਲ ਵਿਚ ਵੀ ਤਾਂ ਅਗਰੇ ਦੀ ਵਾਰ ਹਕੀਕਤ ਰਾਏ ਦੀ ਧਕਿਤਾ ਧਾਰਮਕ ਵਿਸ਼ਾ ਹੈ।

ਵਾਰ ਅਤੇ ਕਿੱਸੇ ਦਾ ਇਕ ਹੋਰ ਉਘਾ ਫ਼ਰਕ ਇਹ ਹੈ ਕਿ ਕਿੱਸਾ ਇੰਨਾ ਘਟਨਾਵੀ ਅਤੇ ਸਥਾਨਕ ਨਹੀਂ ਹੁੰਦਾ ਜਿੰਨਾ ਵਾਰ ਸਾਹਿਤ ਹੁੰਦਾ ਹੈ। ਕਿੱਸੇ ਵਿਚ ਮਿਥਿਹਾਸ ਦਾ ਜ਼ੋਰ ਹੁੰਦਾ ਹੈ ਅਤੇ ਵਾਰ ਵਿਚ ਇਤਿਹਾਸ ਦਾ। ਜਿੱਥੇ ਯਥਾਰਥ ਤੇ ਸਥਾਨਕ ਰੰਗ ਵਾਲੇ ਕਿੱਸੇ ਵੀ ਅਸਲ ਵਿਚ ਕਿਸੇ ਮਿਥਿਹਾਸਿਕ ਤੇ ਸਰਬ-ਵਿਆਪਕ ਸਚਾਈ ਦੇ ਪ੍ਰਗਟਾਊ ਹਨ, ਉੱਥੇ ਚੰਡੀ ਦੀ ਵਾਰ ਵਰਗੀ ਮਿਥਿਹਾਸਕ ਵਿਸ਼ੇ ਵਾਲੀ ਵਾਰ ਵੀ ਕਿੰਨੀ ਯਥਾਰਥਕ ਤੇ ਠੋਸ ਰਚਨਾ ਹੈ।

ਸੋ ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਾਰ, ਜੰਗਨਾਮਾ ਅਤੇ ਕਿੱਸਾ ਜਿੱਥੇ ਆਪਸ ਵਿਚ ਅੰਤਰ-ਸਮਾਨਤਾ ਰੱਖਦੇ ਹਨ ਉੱਥੇ ਇਹਨਾਂ ਵਿਚ ਰੂਪ ਤੇ ਲੱਛਣਾਂ ਦੇ ਪੱਖ ਤੋਂ ਭਿੰਨਤਾ ਵੀ ਪਾਈ ਜਾਂਦੀ ਹੈ। ਜਿਸ ਕਰਕੇ ਅੱਜ ਇਹਨਾਂ ਨੂੰ ਵੱਖਰੇ-ਵੱਖਰੇ ਕਾਵਿ ਰੂਪਾਂ ਦੇ ਪੱਖ ਤੋਂ ਵਿਚਾਰਿਆ ਜਾਂਦਾ ਹੈ।